ਬਾਬਾ ਜੀ ਦੀ ਸਿਖਿਆ

ਸੂਬੇਦਾਰ ਪਿਆਰਾ ਸਿੰਘ ਪਿਆਰ

ਸੰਨ 1947 ਵਿਚ ਅਸੀ ਪਾਕਿਸਤਾਨੋਂ ਉਜੜੇ ਹੋਏ, ਅਪਣੇ ਪੁਰਾਣੇ ਪਿੰਡ ਓਇੰਦ (ਬਾਗ਼ਾਂ ਵਾਲੇ ਦੇ ਨੇੜੇ) ਆ ਕੇ ਸੁੱਖ ਦਾ ਸਾਹ ਲਿਆ। ਮੇਰੇ ਸਕੇ ਬਾਬਾ ਜੀ ਕੋਈ 50 ਕੁ ਸਾਲ ਪਹਿਲਾਂ, ਬਾਰ ਵਸਾਣ ਲਈ ਇਥੋਂ ਹੀ ਗਏ ਸਨ। ਕੁੱਝ ਦਿਨਾਂ ਬਾਅਦ ਮੈਨੂੰ ਇਸ ਪਿੰਡੋਂ ਕੋਈ 20-25 ਕਿ.ਮੀ. 'ਤੇ ਪਿੰਡ ਸੁਲਤਾਨਪੁਰ ਜਾਣਾ ਪਿਆ। ਉਨ੍ਹਾਂ ਪਿੰਡਾਂ ਵਿਚ ਵੀ ਸਾਡੇ ਬਾਰੀਏ ਲੋਕ ਹੀ ਆ ਟਿਕੇ ਸਨ। ਉਨ੍ਹਾਂ ਦਿਨਾਂ ਵਿਚ ਸਵਾਰੀ ਕੋਈ ਨਹੀਂ ਸੀ ਮਿਲਦੀ ਤੇ ਨਾ ਹੀ ਸਾਡੇ ਕੋਲ ਕੋਈ ਸਾਧਨ ਸਨ। ਮੈਂ ਪੈਦਲ ਪਹਿਲਾਂ ਚਮਕੌਰ ਸਾਹਿਬ ਪਹੁੰਚਿਆ, ਗੁਰਦਵਾਰਾ ਸਾਹਿਬ ਵਿਚ ਮੱਥਾ ਟੇਕਿਆ ਤੇ ਫਿਰ ਨੇੜੇ ਹੀ ਸਰਹਿੰਦ ਨਹਿਰ ਲੰਘਦੀ ਸੀ, ਉਸ ਦਾ ਪੁਲ ਲੰਘ ਕੇ, ਬੇਲੇ ਨੂੰ ਚਲ ਪਿਆ। ਚਮਕੌਰ ਸਾਹਿਬ ਤੋਂ ਬੇਲਾ ਕੋਈ ਚਾਰ ਕੁ ਕਿ.ਮੀ. ਹੋਵੇਗਾ। ਰਸਤਾ ਸਾਫ਼ ਸੀ ਜੋ ਇਕ ਚੌੜੇ ਬੰਧੇ ਤੋਂ (ਬੰਧਾ ਬਰਸਾਤੀ ਪਾਣੀ ਦੇ ਕੰਟਰੋਲ ਵਾਸਤੇ ਹੋਵੇਗਾ) ਸਿੱਧਾ ਬੇਲੇ ਜਾਂਦਾ ਸੀ। ਮੈਂ ਬੇਲੇ ਤੋਂ ਅੱਗੇ ਪੁੱਛ ਪੁਛਾ ਕੇ ਪੱਛਮ ਵਾਲੇ ਪਾਸੇ ਨੂੰ ਇਕ ਕੱਚੇ ਪਹੇ 'ਤੇ ਪੈ ਗਿਆ। ਪਿੰਡਾਂ ਦੇ ਨਾਂ (ਜੋ ਰਾਹ ਵਿਚ ਆਉਂਦੇ ਸਨ) ਮੇਰੇ ਯਾਦ ਕੀਤੇ ਹੋਏ ਸਨ। ਬਜੀਦਪੁਰ, ਰਸੀਤਪੁਰ, ਅੱਗੇ ਦੋ ਤਿੰਨ ਪਿੰਡ ਹੋਰ ਆਏ। ਇਹ ਸਾਰੇ ਹੀ ਪਿੰਡ ਕੱਚੇ ਤੇ ਛੋਟੇ ਛੋਟੇ ਸਨ ਜਿਨ੍ਹਾਂ ਵਿਚ ਬਹੁਤੇ ਘਰ ਤਾਂ ਬਹਾਲ ਵੀ ਨਹੀਂ ਸਨ।

ਸ਼ਾਮ ਦਾ ਵੇਲਾ ਸੀ। ਸੂਰਜ ਡੁਬਦੇ ਨੂੰ ਮੈਂ ਮੰਜ਼ਲੋਂ ਉਰਲੇ ਪਿੰਡ ਵਿਚ ਸੀ। ਉਥੇ ਇਕ ਥਾਂ ਚਾਰ ਪੰਜ ਸਿਆਣੇ ਬੰਦੇ ਗੱਲਾਂ ਕਰ ਰਹੇ ਸਨ। ਮੈਂ ਉਨ੍ਹਾਂ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਜਦੋਂ ਅਪਣੀ ਮੰਜ਼ਲ ਦੇ ਪਿੰਡ ਦਾ ਰਾਹ ਪੁੱਛਣ ਲੱਗਾ ਤਾਂ ਮੈਨੂੰ ਉਹ ਨਾਂ ਹੀ ਭੁੱਲ ਗਿਆ ਤੇ ਮੈਂ ਖੜਾ ਖੜਾ ਸੋਚ ਵਿਚ ਡੁੱਬ ਗਿਆ। ਉਨ੍ਹਾਂ ਵਿਚੋਂ ਇਕ ਸਿਆਣੇ ਨੇ (ਜਿਸ ਨੇ ਦਾੜ੍ਹੀ ਦੀ ਗੁੱਟੀ ਕੀਤੀ ਹੋਈ ਸੀ) ਮੈਨੂੰ ਪੁਛਿਆ, “ਕਾਕਾ ਕੀ ਸੋਚਦੈਂ?”

(ਉਦੋਂ ਮੈਂ 19ਵੇਂ ਸਾਲ ਵਿਚ ਸੀ) ਮੈਂ ਸ਼ਰਮਿੰਦੇ ਬੰਦੇ ਵਾਂਗੂ ਉਸ ਨੂੰ ਦਸਿਆ, “ਮੈਂ ਜੀ ਇਥੇ ਲਾਗ ਦੇ ਪਿੰਡ ਜਾਣਾ ਹੈ, ਪਰ ਮੈਨੂੰ ਉਸ ਪਿੰਡ ਦਾ ਨਾਂ ਹੀ ਯਾਦ ਨਹੀਂ ਆ ਰਿਹਾ।”

ਉਨ੍ਹਾਂ ਬੰਦਿਆਂ ਨੇ ਕੋਈ ਦਸ ਕੁ ਲਾਗਲੇ ਪਿੰਡਾਂ ਦੇ ਨਾਂ ਗਿਣ ਦਿਤੇ, ਪਰ ਉਨ੍ਹਾਂ ਵਿਚ ਮੇਰੇ ਪਿੰਡ ਦਾ ਨਾਂ ਨਾ ਆਇਆ। ਪਿੰਡ ਅਗਲੇ ਸਨ ਡੱਲਾ, ਮੱਕੋਵਾਲ, ਬਰਾਮਪੁਰ ਆਦਿ। ਫਿਰ ਮੇਰੇ ਸਿਰ ਮਾਰਨ 'ਤੇ ਉਨ੍ਹਾਂ ਕਿਹਾ, “ਤਾਂ ਤੇਰਾ ਪਿੰਡ ਹੋਰ ਪਰੇ, ਬਹਿਲੋਲਪੁਰ ਦੇ ਇਰਦ ਗਿਰਦ ਹੋਣੈ।”

ਮੈਂ ਉਨ੍ਹਾਂ ਨੂੰ ਕਿਹਾ, “ਤੁਸੀ ਫਿਰ ਸੋਚੋ, ਮੈਨੂੰ ਤਾਂ ਕਿਸੇ ਨੇ ਇਸ ਪਿੰਡ ਤੋਂ ਅਗਲਾ ਪਿੰਡ ਦਸਿਆ ਸੀ।”

ਉਹ ਕਹਿਣ ਲੱਗੇ, “ਇਹੋ ਜਿਹਾ ਕਿਹੜਾ ਪਿੰਡ ਹੈ ਜੋ ਹੈ ਵੀ ਨੇੜੇ ਤੇ ਜਿਸ ਦਾ ਸਾਨੂੰ ਪਤਾ ਹੀ ਨਹੀਂ? ਤੂੰ ਕਾਕਾ ਆਪ ਚੰਗੀ ਤਰ੍ਹਾਂ ਸੋਚ।”

ਮੈਂ ਬੈਠ ਗਿਆ ਤੇ ਬਾਬਾ ਜੀ ਦੀਆਂ ਸੁਣਾਈਆਂ ਵਾਰਦਾਤਾਂ ਯਾਦ ਕਰਨ ਲੱਗ ਪਿਆ। ਮੈਨੂੰ ਬਾਬਾ ਜੀ ਦੀ ਸੁਣਾਈ ਸੱਚੀ ਘਟਨਾ ਯਾਦ ਆ ਗਈ। ਘਟਨਾ ਇਉਂ ਹੋਈ :

ਇਕ ਨਾਈ ਵਿਆਹ ਦੀਆਂ ਗੱਠਾਂ ਦੇਣ ਲਈ ਘਰੋਂ ਗਿਆ। ਗੱਠਾਂ ਉਸ ਸਮੇਂ ਦੇ ਸੱਦਾ ਪੱਤਰਾ ਨੂੰ

ਕਿਹਾ ਜਾਂਦਾ ਸੀ ਜੋ ਕਿ ਆਮ ਤੌਰ 'ਤੇ ਨਾਈ ਹੀ ਲੈ ਕੇ ਬੰਦੇਸੇ ਪਿੰਡੋਂ ਜਾ ਕੇ, ਦੇ ਕੇ ਆਉਂਦੇ ਸਨ ਅਤੇ ਬਦਲੇ ਵਿਚ ਲਾਗ ਹਾਸਲ ਕਰਦੇ ਸਨ। ਨਾਈ ਨੇ ਸਾਰੇ ਪਿੰਡਾਂ ਦੇ ਨਾਂ ਜ਼ਬਾਨੀ ਯਾਦ ਕਰ ਲਏ ਤੇ ਰੱਬ ਦਾ ਨਾਂ ਲੈ ਕੇ ਚੱਲ ਪਿਆ। ਜਦੋਂ ਕੇਵਲ ਇਕ ਪਿੰਡ ਰਹਿ ਗਿਆ, ਬਾਕੀ ਸੱਭ ਥਾਂ ਗੱਠਾਂ ਭੁਗਤ ਗਈਆਂ ਤਾਂ ਆਖ਼ਰੀ ਤੋਂ ਪਹਿਲੇ ਪਿੰਡ ਰਾਹ ਪੁੱਛਣ ਲਈ ਕੁੱਝ ਬੈਠੇ ਬੰਦਿਆਂ ਕੋਲ ਰੁਕ ਕੇ ਉਸ ਪਿੰਡ ਦਾ ਨਾਂ ਹੀ ਭੁੱਲ ਗਿਆ ਤੇ ਕਹਿਣ ਲੱਗਾ, “ਸਰਦਾਰੋ! ਮੈਂ ਏਦੂੰ ਅਗਲੇ ਪਿੰਡ ਗੱਠ ਦੇਣ ਜਾਣਾ ਹੈ, ਪਰ ਮੈਂ ਉਸ ਪਿੰਡ ਦਾ ਨਾਂ ਭੁੱਲ ਗਿਆ ਹਾਂ, ਮੈਨੂੰ ਅਗਲੇ ਨੇੜੇ ਦੇ ਪਿੰਡਾਂ ਦੇ ਨਾਂ ਦੱਸੋ।”

ਉਨ੍ਹਾਂ ਬੰਦਿਆਂ ਨੇ ਅਗਲੇ ਪਿੰਡਾਂ ਦੇ ਨਾਂ ਗਿਣਾਂ ਦਿਤੇ, ਪਰ ਨਾਈ ਵਾਲਾ ਪਿੰਡ ਦਾ ਨਾਂ ਨਾ ਮਿਲਿਆ ਤੇ ਉਸ ਨੇ ਸਿਰ ਮਾਰ ਦਿਤਾ। ਬੰਦਿਆਂ ਨੇ ਹੋਰ ਪੰਜ ਸੱਤ ਅਗਲੇ ਨਾ ਗਿਣੇ, ਨਾਈ ਨੇ ਫਿਰ ਤੋਂ ਨਾਂਹ ਕਰ ਦਿਤੀ ਤਾਂ ਬੰਦੇ ਕਹਿਣ ਲੱਗੇ, “ਅੱਗੇ ਹੋਰ ਕੋਈ ਪਿੰਡ ਨਹੀਂ ਗਿਣਤੀ ਤੋਂ ਬਚਿਆ।”

ਇਹੋ ਜਿਹਾ ਕਿਹੜਾ ਪਿੰਡ ਹੈ? ਉਸ ਦਾ ਨਾਂ ਕੀਹਦੇ ਵਰਗਾ ਹੈ? ਨਾਈ ਸੱਜੇ ਹੱਥ ਨਾਲ ਪੁੜਪੜੀ ਖੁਰਕਣ ਲੱਗਾ ਤੇ ਥੋੜਾ ਸੋਚ ਕੇ ਬੋਲਿਆ, “ਸਰਦਾਰੋ ਜਿਥੇ ਮੈਂ ਜਾਣਾ ਹੈ, ਉਸ ਪਿੰਡ ਦਾ ਨਾਂ ਤਾਂ ਇਉਂ ਹੈ ਜਿਵੇਂ ਕੁੱਝ ਖਿਚਿਆ ਜਿਹਾ ਕੁੱਝ ਧੂਹਿਆ ਜਿਹਾ ਹੁੰਦੈ।”

ਬੰਦਿਆਂ ਵਿਚੋਂ ਇਕ ਬੋਲਿਆ, ‘ਓਏ! ਘੜੀਸਪੁਰਾ ਤਾਂ ਨਹੀਂ?”

“ਹਾਂ ਹਾਂ, ਤੁਹਾਡਾ, ਇਕਬਾਲ

ਵ ਧ ,

ਇਹੀ ਹੈ। ਇਸ ਪਿੰਡ ਦਾ ਰਾਹ ਦੱਸੋ ਛੇਤੀ। ਉਤੋਂ ਹਨੇਰਾ ਪੈ ਰਿਹੈ।”

ਸਾਰੇ ਬੰਦੇ ਹੱਸਣ ਲੱਗੇ (ਅਸਲ ਵਿਚ ਘੜੀਸਪੁਰਾ, ਉਸੇ ਪਿੰਡ ਨਾਲ ਜੁੜਵਾਂ ਪਿੰਡ ਸੀ, ਜਿਥੋਂ ਦਾ ਰਾਹ ਨਾਈ ਪੁੱਛ ਰਿਹਾ ਸੀ)। ਬੰਦੇ ਕਹਿਣ ਲੱਗੇ, “ਘੜੀਸਪੁਰਾ ਤਾਂ ਆਹ ਪੰਜਾਹ ਕਦਮਾਂ ਤੋਂ ਬਾਅਦ ਇਸੇ ਪਿੰਡ ਨਾਲ ਜੁੜਵਾਂ ਹੈ, ਤੈਂ ਕਿਸ ਦੇ ਜਾਣੈ?”

ਨਾਈ ਦੇ ਨਾਂ ਦੱਸਣ 'ਤੇ ਉਨ੍ਹਾਂ ਨੇ ਉਸ ਘਰ ਦਾ ਰਸਤਾ ਵੀ ਸਮਝਾ ਦਿਤਾ ਤੇ ਨਾਈ ਉਨ੍ਹਾਂ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਅਪਣੀ ਮੰਜ਼ਲ 'ਤੇ ਪਹੁੰਚ ਗਿਆ।

(ਇਥੇ ਪੁੱਜ ਕੇ, ਬਾਬਾ ਜੀ ਦੀ ਸਿਖਿਆ ਸੀ ਕਿ ਜੇ ਅਜਿਹਾ ਸਮਾਂ ਆ ਜਾਏ ਤਾਂ ਘਾਬਰੋ ਨਾ, ਰੁਕ ਕੇ ਇਸ ਦਾ ਹੱਲ ਸੋਚੋ) ਹੁਣ ਜਦੋਂ ਮੈਂ ਦਿਮਾਗ਼ 'ਤੇ ਬੋਝ ਪਾ ਕੇ ਸੋਚਿਆ ਕਿ ਮੇਰੇ ਪੁੱਜਣ ਵਾਲਾ ਪਿੰਡ ਕਿਹੋ ਜਿਹਾ ਸੀ? ਯਾਦ ਆਇਆ ਕਿ ਉਹ ਤਾਂ ਰਾਜਾ ਜਾਂ ਬਾਦਸ਼ਾਹ ਵਰਗਾ ਸੀ ਤਾਂ ਮੈਂ ਬੈਠੇ ਬੰਦਿਆਂ ਨੂੰ ਕਿਹਾ, “ਕੋਈ ਰਾਜਾਪੁਰਾ ਜਾਂ ਬਾਦਸ਼ਾਹਪੁਰ ਹੈ?”

ਉਹ ਕਹਿਣ ਲੱਗੇ, “ਕਿਤੇ ਤੂੰ ਸੁਲਤਾਨਪੁਰ ਤਾਂ ਨਹੀਂ ਕਹਿੰਦਾ?”

ਮੈਂ ਕਿਹਾ, “ਹਾਂ ਜੀ, ਹਾਂ ਜੀ” ਤੇ ਇਸ ਨਾਲ ਹੀ ਮੇਰੀ ਘਬਰਾਹਟ ਪਤਰਾ ਵਾਚ ਗਈ।

ਉਹ ਕਹਿਣ ਲੱਗੇ, “ਓ ਕਾਕਾ! ਸੁਲਤਾਨਪੁਰ ਦੇ ਪਰਲੇ ਪਾਸ, ਆਹ ਥੋੜੀ ਹੀ ਦੂਰ ਖੋਲੇ ਨਜ਼ਰ ਪੈਂਦੇ ਨੇ। ਮੁਸਲਮਾਨਾਂ ਦੇ ਜਾਣ ਤੋਂ ਬਾਅਦ ਪਹਿਲਾਂ ਤਾਂ ਲੋਕਾਂ ਨੇ ਲੁੱਟ ਖਾ ਲਿਆ, ਕੰਧਾਂ ਤੋਂ ਛਤੀਰ, ਕੜੀਆਂ ਵੀ ਲਾਹ ਲਏ। ਰਹਿੰਦੀ ਕਸਰ ਐਤਕੀ ਜੋ ਦਰਿਆ (ਸਤਲੁਜ) ਵਿਚ ਹੜ੍ਹ ਆਇਆ, ਉਸ ਨੇ ਪੂਰੀ ਕਰ ਦਿਤੀ। ਕਿਤੇ ਕਿਤੇ ਕੋਈ ਕੋਲਾ ਖੜਾ ਰਹਿ ਗਿਐ। ਇਥੇ ਦਿਨੇ ਤਾਂ ਬਾਰੀਏ ਆਉਂਦੇ ਨੇ ਪਿੰਡ ਡੱਲਾ ਮੱਕੋਵਾਲ ਤੋਂ ਜੋ ਮੱਕੀ ਜਾਂ ਚਰ੍ਹੀ (ਜੋ ਮੁਸਲਮਾਨ ਬੀਜ ਗਏ ਸਨ) ਵਢਦੇ ਹਨ। ਰਾਤ ਨੂੰ ਇਥੇ ਕੋਈ ਨਹੀਂ ਰਹਿੰਦਾ। ਦਾੜ੍ਹੀ ਦੀ ਗੁੱਟੀ ਕਰੀ ਬੈਠਾ ਬੰਦਾ ਬੋਲਿਆ, “ਕਾਕਾ ਅੱਵਲ ਤਾਂ ਤੂੰ ਜਾ ਨਾ, ਖੱਜਲ ਹੋਏਂਗਾ। ਇਥੇ ਪਿੰਡ ਵਸਦਾ ਹੈ। ਮੇਰੇ ਘਰ ਰਹਿ, ਸਵੇਰੇ ਚਲਾ ਜਾਵੀਂ। ਜੇ ਨਹੀਂ ਹਟਣਾ ਤਾਂ ਸਾਹਮਣੇ ਅੜਾਖਚੋੜ ਲੰਘ ਕੇ ਇਕ ਡੰਡੀ ਥੋੜੀ ਦੂਰ ਜਾ ਕੇ ਇਕ ਪਹੀ 'ਚ ਮਿਲ ਜਾਂਦੀ ਹੈ ਤੇ ਉਸ ਪਹੀ ਤੋਂ ਥੋੜਾ ਹੀ ਅੱਗੇ ਇਕ ਕੱਚਾ ਬੰਨ੍ਹ ਹੈ। ਉਸ ਨੂੰ ਟੱਪ ਕੇ ਉਹ ਖੋਲੇ ਨੇ।” ਮੈਂ ਅੜ ਗਿਆ। “ਮੈਂ ਜਾਣਾ ਤਾਂ ਜ਼ਰੂਰ ਹੈ, ਮੈਨੂੰ ਉਮੀਦ ਹੈ ਕਿ ਚਰ੍ਹੀ ਕੱਟਣ ਵਾਲੇ ਬੰਦੇ ਅਜੇ ਉਥੇ ਹੀ ਹੋਣਗੇ।” ਏਨਾ ਕਹਿ ਕੇ ਮੈਂ ਤੁਰ ਪਿਆ, ਪਰ ਤੁਰਨ ਲੱਗੇ ਦੇ ਕੰਨੀਂ ਉਸੇ ਬੰਦੇ ਦੀ ਆਵਾਜ਼ ਪਈ, “ਜੇ ਤੁਹਾਡੇ ਬੰਦੇ ਨਾ ਮਿਲੇ ਤਾਂ ਪਿੱਛੇ, ਇਥੇ ਹੀ ਆ ਜਾਵੀਂ। ਪਿੰਡੋਂ ਮਹਿਮਾ ਸਿੰਘ ਫ਼ੌਜੀ ਦਾ ਘਰ ਪੁੱਛ ਕੇ, ਅਪਣਾ ਸਮਝ ਕੇ ਆ ਵੜੀਂ।”

ਮੈਂ ਅਪਣੇ ਦਿਲ ਵਿਚ ਫ਼ੌਜੀ ਨੂੰ ਪ੍ਰਣਾਮ ਕੀਤਾ ਅਤੇ ਅਪਣੇ ਪੁਰਾਣੇ ਪਿੰਡ ਦੇ ਦੋਸਤਾਂ ਨੂੰ ਜਾ ਮਿਲਿਆ।

ਮੋਬਾਈਲ : 99886-28989

ਪੜ੍ਹਾਈ ਹੀ ਅਸਲੀ ਗਹਿਣਾ

ਪੀ.ਐਲ. ਕਪੂਰ, ਐਡਵੋਕੇਟ

ਰਜਿੰਦਰ ਕੁਮਾਰ ਟੈਕਸਟਾਈਲ ਇੰਜੀਨੀਅਰ ਸੀ ਅਤੇ ਇਕ ਵੱਡੀ ਕਪੜਾ ਮਿਲ ਵਿਚ ਕੰਮ ਕਰਦਾ ਸੀ। ਉਸ ਮਿੱਲ ਦਾ ਜਨਰਲ ਮੈਨੇਜਰ ਸ਼ਾਂਤੀ ਰਾਮ ਰਜਿੰਦਰ ਕੁਮਾਰ ਦਾ ਪੱਕਾ ਯਾਰ ਸੀ। ਦੋਵੇਂ ਇਕੱਠੇ ਬੈਠਦੇ-ਉਠਦੇ। ਘਰੇਲੂ ਗੱਲਾਂ ਕਰਦੇ। ਰਜਿੰਦਰ ਦੀਆਂ ਤਿੰਨ ਲੜਕੀਆਂ ਸਨ ਗੀਤਾ, ਸੀਤਾ ਤੇ ਮੁੰਨੀ। ਸ਼ਾਂਤੀ ਰਾਮ ਦੀਆਂ ਦੋ ਲੜਕੀਆਂ ਸਨ ਜਿਨ੍ਹਾਂ ਦੇ ਨਾਂ ਸਨ ਰਾਣੋ ਤੇ ਬਿਮਲਾ। ਗੀਤਾ ਤੇ ਰਾਣੋ ਦੋਵੇਂ ਇਕੋ ਸਕੂਲ ਵਿਚ ਪੜ੍ਹਦੀਆਂ ਸਨ ਅਤੇ ਦੋਹਾਂ ਨੇ ਇਕੱਠਿਆਂ ਹੀ ਦਸਵੀਂ ਪਾਸ ਕਰ ਲਈ। ਰਜਿੰਦਰ ਕੁਮਾਰ ਨੇ ਗੀਤਾ ਨੂੰ ਕਾਲਜ ਵਿਚ ਅਗਲੀ ਪੜ੍ਹਾਈ ਕਰਾਉਣ ਲਈ ਦਾਖ਼ਲ ਕਰਵਾ ਦਿਤਾ, ਪਰ ਜਨਰਲ ਮੈਨੇਜਰ ਨੇ ਅਪਣੀ ਲੜਕੀ ਰਾਣੋ ਨੂੰ ਕਾਲਜ ਭੇਜਣ ਲਈ ਇਹ ਕਹਿ ਕੇ ਇਨਕਾਰ ਕਰ ਦਿਤਾ ਕਿ, ‘‘ਕੁੜੀਆਂ ਕਾਲਜ ਵਿਚ ਜਾ ਕੇ ਵਿਗੜ ਜਾਂਦੀਆਂ ਨੇ, ਇਸ ਲਈ ਕੁੜੀਆਂ ਨੂੰ ਦਸਵੀਂ ਤਕ ਹੀ ਪੜ੍ਹਾਉਣਾ ਚਾਹੀਦੈ ਤੇ ਉਨ੍ਹਾਂ ਦੀ ਸ਼ਾਦੀ ਚੰਗੇ ਘਰ ਵਿਚ ਹੋਣੀ ਚਾਹੀਦੀ ਏ।”

ਰਜਿੰਦਰ ਕੁਮਾਰ ਨੇ ਜਨਰਲ ਮੈਨੇਜਰ ਨੂੰ ਕਿਹਾ, “ਤੂੰ ਮੂਰਖ ਹੈਂ, ਅਜਿਹਾ ਨਹੀਂ ਹੁੰਦਾ। ਕੁੜੀਆਂ ਕਿਵੇਂ ਕਾਲਜ ਵਿਚ ਜਾ ਕੇ ਵਿਗੜ ਜਾਂਦੀਆਂ ਨੇ, ਮੈਨੂੰ ਤਾਂ ਸਮਝ ਨਹੀਂ ਆਉਂਦੀ। ਤੂੰ ਅਪਣੀਆਂ ਲੜਕੀਆਂ ਦਾ ਪਿਤਾ ਹੈਂ, ਤੇਰੇ ਦਿਲ ਵਿਚ ਜੋ ਆਉਂਦੇ ਕਰ। ਪਰ ਮੈਂ ਅਪਣੀ ਲੜਕੀਆਂ ਨੂੰ ਵੱਧ ਤੋਂ ਵੱਧ ਪੜ੍ਹਾਈ ਕਰਾਵਾਂਗਾ ਤਾਂ ਜੋ ਉਹ ਅਪਣੇ ਪੈਰਾਂ 'ਤੇ ਖੜੀਆਂ ਹੋ ਸਕਣ।”

ਰਜਿੰਦਰ ਕੁਮਾਰ ਨੇ ਅਜਿਹਾ ਕਰ ਵਿਖਾਇਆ। ਗੀਤਾ ਐਮ.ਏ. ਪਾਸ ਕਰ ਕੇ ਪ੍ਰੋਫ਼ੈਸਰ ਲੱਗ ਗਈ। ਸੀਤਾ ਵੀ ਐਮ.ਏ. ਪਾਸ ਕਰ ਕੇ ਬੈਂਕ ਵਿਚ ਅਫ਼ਸਰ ਲੱਗ ਗਈ ਤੇ ਮੁੰਨੀ ਬੀ.ਏ. ਪਾਸ ਕਰ ਕੇ ਨੈਸ਼ਨਲ ਪੱਧਰ ਦੀ ਖਿਡਾਰਨ ਹੋਣ ਕਾਰਨ ਜ਼ਿਲ੍ਹਾ ਅਫ਼ਸਰ ਨਿਯੁਕਤ ਹੋ ਗਈ। ਉਧਰੋਂ ਸ਼ਾਂਤੀ ਰਾਮ ਨੇ ਅਪਣੀਆਂ ਦੋਹਾਂ ਲੜਕੀਆਂ ਦਾ ਵਿਆਹ ਕਰ ਦਿਤਾ। ਵੱਡੀ ਲੜਕੀ ਇਕ ਕਲਰਕ ਨਾਲ ਵਿਆਹੀ ਗਈ ਤੇ ਦੂਜੀ ਲੜਕੀ ਦਾ ਵਿਆਹ ਇਕ ਛੋਟੇ ਜਹੇ ਦੁਕਾਨਦਾਰ ਦੇ ਪੁੱਤਰ ਨਾਲ ਕਰ ਦਿਤਾ। ਇਨ੍ਹਾਂ ਦੋਹਾਂ ਲੜਕੀਆਂ ਦੇ ਵਿਆਹ ਵਿਚ ਸ਼ਾਂਤੀ ਰਾਮ ਨੇ ਬਹੁਤ ਦਾਜ ਦਿਤਾ, ਪਰ ਸ਼ਾਂਤੀ ਰਾਮ ਦੇ ਦੋਵੇਂ ਹੀ ਜਵਾਈ ਉਸ ਦੀਆਂ ਲੜਕੀਆਂ ਨੂੰ ਬਹੁਤ ਤੰਗ ਕਰਦੇ ਅਤੇ ਉਨ੍ਹਾਂ ਨੂੰ ਅਪਣੇ ਪਿਤਾ ਤੋਂ ਕਿਸੇ ਨਾ ਕਿਸੇ ਬਹਾਨੇ ਮੋਟੀ ਰਕਮ ਲੈਣ ਲਈ ਕਹਿੰਦੇ। ਇਕ ਵਾਰੀ ਤਾਂ ਹੱਦ ਹੋ ਗਈ। ਸ਼ਾਂਤੀ ਰਾਮ ਦੇ ਵੱਡੇ ਜਵਾਈ ਨੇ ਅਪਣੀ ਪਤਨੀ ਨੂੰ ਖ਼ੂਬ ਮਾਰਿਆ ਅਤੇ ਸ਼ਾਂਤੀ ਰਾਮ ਕੋਲੋਂ ਪੰਜ ਲੱਖ ਰੁਪਏ ਐਂਠ ਲਏ।

ਜਦ ਇਸ ਬਾਰੇ ਸ਼ਾਂਤੀ ਰਾਮ ਦੇ ਛੋਟੇ ਜਵਾਈ ਨੂੰ ਪਤਾ ਲੱਗਾ ਤਾਂ ਉਸ ਨੇ ਵੀ ਸ਼ਾਂਤੀ ਰਾਮ ਤੋਂ ਦੁਕਾਨ ਨੂੰ ਵਧਾਉਣ ਦੇ ਸਬੰਧ ਵਿਚ ਪੰਜ ਲੱਖ ਰੁਪਏ ਲੈ ਲਏ। ਸ਼ਾਂਤੀ ਰਾਮ ਅਪਣੇ ਦੋਹਾਂ ਜਵਾਈਆਂ ਤੋਂ ਬਹੁਤ ਦੁਖੀ ਹੋ ਗਿਆ ਸੀ।

ਉਧਰੋਂ ਬਦਕਿਸਮਤੀ ਨਾਲ ਰਜਿੰਦਰ ਕੁਮਾਰ ਦਾ, ਕਪੜੇ ਦੀ ਮਸ਼ੀਨ ਚਲਾਉਂਦਿਆਂ ਇਕ ਹੱਥ ਕਟਿਆ ਗਿਆ ਜਿਸ ਕਰ ਕੇ ਉਹ ਬੇਕਾਰ ਹੋ ਗਿਆ। ਰਜਿੰਦਰ ਕੁਮਾਰ ਦੀਆਂ ਤਿੰਨੇ ਲੜਕੀਆਂ ਨੇ ਕਿਹਾ, “ਪਿਤਾ ਜੀ, ਤੁਸੀ ਸਾਨੂੰ ਬਹੁਤ ਮਿਹਨਤ ਅਤੇ ਪੈਸਾ ਖ਼ਰਚ ਕੇ ਪੜ੍ਹਾਇਆ-ਲਿਖਾਇਆ ਹੈ। ਹੁਣ ਅਸੀ ਤੁਹਾਡੀ ਸੇਵਾ ਕਰਾਂਗੀਆਂ। ਤੁਹਾਨੂੰ ਫ਼ਿਕਰ ਕਰਨ ਦੀ ਕੋਈ ਲੋੜ ਨਹੀਂ।

ਰਾਜਿੰਦਰ ਨੇ ਅਪਣੇ ਮਕਾਨ ਦੇ ਕੁੱਝ ਕਮਰੇ ਕਿਰਾਏ 'ਤੇ ਦਿਤੇ ਹੋਏ ਸਨ, ਜਿਸ ਦਾ ਉਨ੍ਹਾਂ ਨੂੰ ਕਾਫ਼ੀ ਕਿਰਾਇਆ ਆਉਂਦਾ ਸੀ। ਰਜਿੰਦਰ ਕੁਮਾਰ ਨੇ ਅਪਣੀ ਵੱਡੀ ਲੜਕੀ ਗੀਤਾ ਨੂੰ ਵਿਆਹ ਕਰਨ ਲਈ ਕਿਹਾ ਤਾਂ ਗੀਤਾ ਨੇ ਅਪਣੇ ਪਿਤਾ ਨੂੰ ਜਵਾਬ ਦਿਤਾ, “ਪਿਤਾ ਜੀ, ਸੱਭ ਤੋਂ ਪਹਿਲਾਂ ਮੁੰਨੀ ਦਾ ਵਿਆਹ ਹੋਵੇਗਾ। ਮੈਨੂੰ ਪਤਾ ਹੈ ਕਿ ਉਹ ਇਕ ਪੀ.ਸੀ.ਐਸ. ਅਫ਼ਸਰ ਨਾਲ ਪਿਆਰ ਕਰਦੀ ਹੈ। ਮੈਂ ਲੜਕੇ ਵਾਲਿਆਂ ਨਾਲ ਗੱਲ ਚਲਾਵਾਂਗੀ ਕਿ ਇਨ੍ਹਾਂ ਦਾ ਵਿਆਹ ਹੋ ਜਾਏ।”

ਮੁੰਨੀ ਦਾ ਵਿਆਹ ਬੜੇ ਧੂਮ ਧਾਮ ਨਾਲ ਹੋ ਗਿਆ। ਉਸ ਤੋਂ ਬਾਅਦ ਸੀਤਾ ਦਾ ਵਿਆਹ ਵੀ ਇਕ ਇਨਕਮ ਟੈਕਸ ਅਫ਼ਸਰ ਨਾਲ ਹੋ ਗਿਆ। ਅੰਤ ਵਿਚ ਗੀਤਾ ਨੇ ਅਪਣੇ ਪਿਤਾ ਨੂੰ ਕਿਹਾ, “ਪਿਤਾ ਜੀ, ਮੈਂ ਅਪਣਾ ਵਿਆਹ ਇਕ ਪ੍ਰੋਫ਼ੈਸਰ ਨਾਲ ਕਰਨਾ ਚਾਹੁੰਦੀ ਹਾਂ, ਪਰ ਪ੍ਰੋਫ਼ੈਸਰ ਦੇ ਘਰ ਵਾਲੇ ਰਜ਼ਾਮੰਦ ਨਹੀਂ ਹੋ ਰਹੇ, ਚੰਗਾ ਹੋਵੇ ਜੇ ਤੁਸੀ ਇਸ ਬਾਰੇ ਪ੍ਰੋਫ਼ੈਸਰ ਦੇ ਘਰ ਵਾਲਿਆਂ ਨਾਲ ਗੱਲਬਾਤ ਕਰੋ।”

ਰਾਜਿੰਦਰ ਕੁਮਾਰ ਨੇ ਪ੍ਰੋਫ਼ੈਸਰ ਦੇ ਘਰ ਵਾਲਿਆਂ ਨੂੰ ਮਨਾ ਲਿਆ ਤੇ ਗੀਤਾ ਦਾ ਵਿਆਹ ਵੀ ਬੜੀ ਧੂਮ-ਧਾਮ ਨਾਲ ਕੀਤਾ ਗਿਆ। ਰਜਿੰਦਰ ਕੁਮਾਰ ਨੂੰ ਬੜੀ ਖ਼ੁਸ਼ੀ ਸੀ ਕਿ ਉਸ ਦੀਆਂ ਤਿੰਨੇ ਧੀਆਂ ਚੰਗੇ ਘਰ ਵਿਚ ਵਿਆਹੀਆਂ ਗਈਆਂ ਹਨ ਤੇ ਉਸ ਨੂੰ ਕੋਈ ਦਾਜ ਦੇਣ ਦਾ ਮੌਕਾ ਨਹੀਂ ਸੀ ਆਇਆ। ਬਾਕੀ ਉਸ ਦਾ ਅਪਣਾ ਗੁਜ਼ਾਰਾ ਮਕਾਨ ਦੇ ਕਿਰਾਏ ਨਾਲ ਹੀ ਹੋ ਰਿਹਾ ਸੀ।

ਇਕ ਦਿਨ ਸ਼ਾਂਤੀ ਰਾਮ, ਰਜਿੰਦਰ ਕੁਮਾਰ ਨੂੰ ਮਿਲਿਆ ਅਤੇ ਉਸ ਨੇ ਕਿਹਾ, “ਮੈਂ ਬਹੁਤ ਵੱਡੀ ਬੇਵਕੂਫ਼ੀ ਕੀਤੀ ਤੇਰੀ ਗੱਲ ਨਾ ਮੰਨ ਕੇ। ਕਿੰਨਾ ਚੰਗਾ ਹੁੰਦਾ ਜੇ ਮੈਂ ਅਪਣੀਆਂ ਧੀਆਂ ਨੂੰ ਪੜ੍ਹਾ-ਲਿਖਾ ਲੈਂਦਾ ਤਾਂ ਅਪਣੇ ਲਾਲਚੀ ਜਵਾਈਆਂ ਹੱਥੋਂ ਤੰਗ ਨਾ ਹੁੰਦਾ। ਮੈਨੂੰ ਪਤਾ ਲੱਗੈ ਕਿ ਤੂੰ ਅਪਣੀਆਂ ਕੁੜੀਆਂ ਦੇ ਵਿਆਹਾਂ ਤੇ ਕੋਈ ਫ਼ਾਲਤੂ ਪੈਸਾ ਨਹੀਂ ਲਾਇਆ ਜਦਕਿ ਮੈਂ ਅੰਦਰੋਂ ਬਾਹਰੋਂ ਖੋਖਲਾ ਹੋ ਚੁੱਕਾ ਹਾਂ। ਮੈਨੂੰ ਹੁਣ ਸਮਝ ਆਈ ਹੈ ਕਿ ਲੜਕੀਆਂ ਦਾ ਅਸਲੀ ਗਹਿਣਾ ਪੜ੍ਹਾਈ ਹੀ ਹੁੰਦੀ ਹੈ।

#3498, ਸੈਕਟਰ 23-ਡੀ, ਚੰਡੀਗੜ੍ਹ।
ਮੋਬਾਈਲ : 93169-56951

ਕਾਵਿ-ਕਿਆਰੀ

ਅੱਜ ਦਾ ਪੰਜਾਬ

ਵਸਦਾ ਮੇਰਾ ਪੰਜਾਬ ਸੀ ਜੋ ਨਾਮ ਗੁਰਾਂ ਦੇ ਨਾਲ,
ਬਦ ਤੋਂ ਬਦਤਰ ਹੋ ਗਿਆ ਅੱਜ ਵੇਖੋ ਇਸ ਦਾ ਹਾਲ।
ਜ਼ਮੀਨਾਂ-ਜਾਇਦਾਦਾਂ ਪੈਸੇ ਪਿੱਛੇ ਕਤਲ ਨਿਤ ਲੱਗ ਪਏ ਹੋਣ,
ਲਾਸ਼ਾਂ ਬੱਚਿਆਂ ਦੀਆਂ ਮਾਪੇ ਮੋਢਿਆਂ ਉਤੇ ਢੋਣ।
ਸ਼ਰਮ-ਹਯਾ ਕਰਨੋਂ ਹੱਟ ਗਈ ਹੈ ਅੱਜ ਦੀ ਨਾਰ,
ਇਸ਼ਕ-ਮੁਸ਼ਕ ਵਿਚ ਡੁੱਬ ਕੇ ਕੀਤੇ ਰਿਸ਼ਤੇ ਤਾਰ-ਤਾਰ।
ਅੰਨ ਦਾਤਾ ਜੋ ਦੇਸ਼ ਦਾ ਹੁਣ ਭੁੱਖਾ ਮਰਦਾ ਨਿੱਤ,
ਹੋਰ ਕੋਈ ਕੀ ਰਹਿ ਗਿਆ ਇਥੇ ਦੱਸ ਮਿੱਤ।
ਅਖੌਤੀ ਕਲਾਕਾਰਾਂ ਨੇ, ਰਲ ਦਿਤਾ ਸਭਿਆਚਾਰ ਨੂੰ ਮਾਰ,
ਨੰਗਾ ਨਾਚ ਨੇ ਬਹੁਤੇ ਨਚਦੇ, ਨਾ ਲੈਂਦਾ ਕੋਈ ਸਾਰ।
ਵਗਦਾ ਦਰਿਆ ਨਸ਼ਿਆਂ ਦਾ ਹੈ ਤੇਜ਼ੋ ਤੇਜ਼,
ਸਰਕਾਰਾਂ ਦਾ ਰਹਿ ਗਿਆ ਬੱਬੀਆ ਵੋਟਾਂ ਨਾਲ ਹੇਜ।

- ਬਲਬੀਰ ਸਿੰਘ ਬੱਬੀ,
ਪਿੰਡ ਤੇ ਡਾਕ : ਤੱਖਰਾਂ, ਲੁਧਿਆਣਾ।
ਮੋਬਾਈਲ : 92175-92531

ਗੋਲਮਾਲ

ਕਿੰਨੀ ਤੇਜ਼ ਹੋਈ ਵੇਖੋ ਸਮੇਂ ਵਾਲੀ ਚਾਲ ਹੈ,
ਪੰਜਾਬੀ ਦੀ ਤਰੱਕੀ ਕਿੰਨੀ ਹਰ ਮੂੰਹ 'ਤੇ ਗਾਲ ਹੈ।
ਪੱਟੇ ਨੇ ਸ਼ਰਾਬਾਂ ਦੇ, ਸ਼ਬਾਬਾਂ ਦਾ ਕਮਾਲ ਹੈ,
ਖੁੱਲ੍ਹਦੇ ਮੂੰਹ ਪਿੱਛੋਂ, ਆਉਂਦੀ ਪਹਿਲਾਂ ਲਾਲ ਹੈ।
ਰਿਸ਼ਤੇ ਨਾ ਨਾਤੇ ਨਾ ਹੀ ਖ਼ੂਨ ਦਾ ਵਸਾਲ ਹੈ,
ਹਰ ਪਾਸੇ ਪੈਸੇ ਦਾ ਹੀ ਦਿਸਦਾ ਜਲਾਲ ਹੈ।
ਆਸਮਾਨ ਸਿਰਾਂ ਉਤੇ ਕਹਿੰਦੇ ਜਿਉਂ ਰੁਮਾਲ ਹੈ,
ਸਾਡਿਆਂ ਤਾਂ ਪੈਰਾਂ ਥੱਲੇ ਵਸਦਾ ਪਾਤਾਲ ਹੈ।
ਧੋਖਿਆਂ ਫ਼ਰੇਬਾਂ ਅਤੇ ਝੂਠਾਂ ਦਾ ਹੀ ਜਾਲ ਹੈ,
ਘੁੰਗਰੂ ਨੇ ਪੈਰਾਂ 'ਚ ਤੇ ਨਚਣਾ ਬੇਤਾਲ ਹੈ।
ਬਾਬੇ ਨੇ ਅਮੀਰ, ਆਮ ਬੰਦਾ ਹੀ ਬੇਹਾਲ ਹੈ,
ਲੀਡਰਾਂ ਦੇ ਤਖ਼ਤ ਗਰੀਬਾਂ ਦਾ ਪੰਡਾਲ ਹੈ।
ਬਾਦਸ਼ਾਹੀ ਚਿਹਰੇ ਪਰ ਦਿਲਾਂ ਤੋਂ ਕੰਗਾਲ ਹੈ,
ਸਾਰਾ ਕੁੱਝ ਦੁਨੀਆਂ 'ਤੇ ਹੁੰਦਾ ਗੋਲਮਾਲ ਹੈ।

- ਰਜਿੰਦਰ ਕੌਰ,
ਸਮਾਜਕ ਸਿਖਿਆ ਮਿਸਟਰੈਸ, ਸ.ਹ. ਸ. ਸਾਈਆਂ ਵਾਲਾ।
ਮੋਬਾਈਲ : 98143-36134

ਧੀਆਂ

ਧੀਆਂ ਮਾਪਿਆਂ ਦਾ ਨਾਮ ਨੇ ਰਸ਼ਨਾਉਂਦੀਆਂ.

ਸੁਪਨਾ

ਅੱਜ ਰਾਤ ਮੈਨੂੰ ਸੁਪਨਾ ਆਇਆ,
ਉਸ ਸੁਪਨੇ ਮੈਨੂੰ ਰੂਹ ਤਕ ਨਸ਼ਿਆਇਆ।
ਸੁਪਨੇ ਵਿਚ ਮੇਲ ਪ੍ਰੀਤਮ ਨਾਲ ਹੋਇਆ,
ਜਿਸ ਦੀ ਜੁਦਾਈ ਵਿਚ ਦਿਲ ਜ਼ਾਰੋ-ਜ਼ਾਰ ਰੋਇਆ।
ਪਰ ਖਿੜਿਆ ਉਸ ਨੂੰ ਦੇਖ ਕੇ ਦਿਲ,
ਕਰਦਾ ਸੀ ਦਿਲ ਲਵਾਂ ਉਸ ਨੂੰ ਘੁੱਟ ਕੇ ਮਿਲ।
ਸਮਾਜਕ ਬੰਧਨਾਂ ਕਰ ਕੇ ਪ੍ਰੀਤ ਅਧੂਰੀ ਹੀ ਰਹੀ,
ਅਸਹਿ ਪੀੜ ਇਸ਼ਕੇ ਦੀ ਕਿਸੇ ਨੂੰ ਵੀ ਨਾ ਕਹੀ।
ਕੀਤੀ ਬੜੀ ਕੋਸ਼ਿਸ਼ ਕਿ ਗਲ ਲੱਗ ਮਿਲੀਏ,
ਖ਼ੁਸ਼ੀ ਤੇ ਖੇੜੇ ਵਿਚ ਰੱਜ-ਰੱਜ ਖਿੜੀਏ।
ਪਰ ਪਤਾ ਨਹੀਂ ਪ੍ਰੀਤਮ, ਤੂੰ ਹੱਥ ਨਾ ਆਇਆ,
ਕੋਸ਼ਿਸ਼ ਦੇ ਬਾਵਜੂਦ ਤੂੰ ਨਾ ਗਿਆ ਗਲ ਲਾਇਆ।

ਸੁਪਨੇ ਵਿਚ ਤਾਂ ਕੋਈ ਵੀ ਸਮਾਜਕ ਬੰਧਨ ਨਹੀਂ,
ਚਾਹੁੰਦੇ ਹੋਏ ਵੀ ਓਹ ਪ੍ਰੀਤ ਮਿਲਣੀ ਕਿਥੇ ਗਈ?
ਵਾਹ ਇਸ਼ਕਾ! ਤੇਰਾ ਵਖਰਾ ਦਸਤੂਰ,
ਪਾਉਂਦਾ ਪਹਿਲਾਂ ਪਿਆਰ ਕਰਦਾ ਫਿਰ ਦੂਰ।
ਪਿਆਰ ਉਸ ਨਾਲ ਹੁੰਦਾ ਜਿਹੜਾ ਮਿਲਣਾ ਨਹੀਂ ਹੁੰਦਾ,
ਬੂਰ ਤਾਂ ਪੈਂਦਾ ਪਰ ਉਨ੍ਹਾਂ ਫੁੱਲਾਂ ਖਿਲਣਾ ਨਹੀਂ ਹੁੰਦਾ।
ਪਰ ਇਸ ਸੁਪਨੇ ਤੋਂ ਪੱਕਾ ਇਹ ਹੋ ਗਿਆ,
ਝੂਠਾ ਲਗਦਾ ਸੀ ਜੋ ਪਿਆਰ ਸੱਚਾ ਹੋ ਗਿਆ।

- ਅਸਿਸਟੈਂਟ ਪ੍ਰੋਫ਼ੈਸਰ ਵੀਨੂੰ ਵਰਮਾ,
ਸ੍ਰੀ ਅਰਵਿੰਦ ਕਾਲਜ ਆਫ਼ ਕਾਮਰਸ ਐਂਡ ਮੈਨੇਜਮੈਂਟ, ਲੁਧਿਆਣਾ।
ਮੋਬਾਈਲ : 90410-83440

ਬਾਕੀ ਸੱਭ ਅਲੋਪ ਹੋ ਗਿਆ

ਉਹ ਵਿਸਾਖੀ ਵਾਲਾ ਢੋਲ, ਕੁੜੀਆਂ ਚਿੜੀਆਂ ਦੇ ਬੋਲ,
ਦਿਤਾ ਡੀ.ਜੇ. ਵਾਲਿਆਂ ਰੋਲ, ਬਾਕੀ ਸੱਭ ਅਲੋਪ ਹੋ ਗਿਆ।
ਉਹ ਕਣਕਾਂ ਦਾ ਬੂਰ ਤੇ ਤ੍ਰਿੰਝਣਾਂ ਦਾ ਪੂਰ,
ਬਣ ਗਿਆ ਕਾਲਜ ਦਾ ਟੂਰ, ਬਾਕੀ ਸਭ ਅਲੋਪ ਹੋ ਗਿਆ।
ਉਹ ਫ਼ਸਲਾਂ ਦੀ ਵਾਢੀ, ਫੜਦੇ ਸੀ ਇਕ ਦੂਜੇ ਨੂੰ ਵਾਢੀ,
ਨਾ ਰਹੀ ਖੂਹ ਵਾਲੀ ਗਾਧੀ, ਬਾਕੀ ਸੱਭ ਅਲੋਪ ਹੋ ਗਿਆ।
ਦਾਦੀ ਮਾਂ ਦੀ ਕਹਾਣੀ, ਉਹ ਪਰੀਆਂ ਦੀ ਰਾਣੀ,
ਬਣੀ ਡੋਲ੍ਹੀ ਸੋਪ ਦੀ ਮਸਤਾਨੀ, ਬਾਕੀ ਸੱਭ ਅਲੋਪ ਹੋ ਗਿਆ।
ਉਹ ਸਾਂਝਾ ਪ੍ਰਵਾਰ, ਜਿਥੇ ਬਾਪੂ ਸੀ ਮੁਖ਼ਤਿਆਰ,
ਹੋਇਆ ਬੈਂਡ ਰੁਮਾਂ 'ਚ ਖ਼ਵਾਰ, ਬਾਕੀ ਸੱਭ ਅਲੋਪ ਹੋ ਗਿਆ।
ਉਹ ਪਿੰਡ ਵਾਲੀ ਸੱਥ, ਜਿਥੇ ਚਲਦੀ ਸੀ ਗੱਪ-ਸ਼ੱਪ,
ਕੀਤੀ ਟੈਨਸ਼ਨਾਂ ਨੇ ਠੱਪ, ਬਾਕੀ ਸੱਭ ਅਲੋਪ ਹੋ ਗਿਆ।
ਗੁੱਲੀ-ਡੰਡਾ ਤੇ ਲੁਕਣ ਮੀਟੀ, ਅੱਡੀ-ਟੱਪਾ ਤੇ ਗੇਂਦ-ਗੀਟੀ,

ਮਿੰਨੀ ਕਹਾਣੀਆਂ

ਮਹਿੰਗਾਈ

ਤਨਖ਼ਾਹ ਮਿਲਣ ਦੀ ਖ਼ੁਸ਼ੀ ਵਿਚ ਸਾਰਿਆਂ ਨੇ ਸਲਾਹ ਬਣਾਈ ਕਿ ਅੱਜ ਸ਼ਾਮ ਨੂੰ ਰੈਸਟੋਰੈਂਟ ਵਿਚ ਪਾਰਟੀ ਕੀਤੀ ਜਾਵੇ। ਸਾਰਿਆਂ ਨੇ ਹਾਮੀ ਭਰ ਦਿਤੀ। ਸ਼ਾਮ ਨੂੰ ਛੁੱਟੀ ਤੋਂ ਬਾਅਦ ਸਾਰਿਆਂ ਦੇ ਪੈਰ ਰੈਸਟੋਰੈਂਟ ਵਲ ਵਧੇ। ਇਕ ਜਣੇ ਨੇ ਠੇਕੇ ਤੋਂ ਦੋ ਵਧੀਆ ਮਹਿੰਗੀਆਂ ਬੋਤਲਾਂ ਖ਼ਰੀਦ ਲਿਆਂਦੀਆਂ। ਰੈਸਟੋਰੈਂਟ ਵਿਚ ਬੈਠਦਿਆਂ ਹੀ ਫੁਲ ਪਲੇਟ ਚਿਕਨ ਦੇ ਆਰਡਰ ਦਿਤੇ ਗਏ। ਪੈੱਗ ਸ਼ੁਰੂ ਹੋਣ ਤੋਂ ਪਹਿਲਾਂ ਸਾਰਿਆਂ ਨੇ ਖ਼ੁਸ਼ੀ ਵਿਚ ਜਾਮ ਟਕਰਾ ਕੇ ਮੂੰਹ ਨੂੰ ਲਾਏ। ਦੋ ਤਿੰਨ ਪੈੱਗ ਡਕਾਰ ਜਾਣ ਤੋਂ ਬਾਅਦ ਜਗਜੀਤ ਬੋਲਿਆ, “ਯਾਰ, ਇਕ ਹਜ਼ਾਰ ਰੁਪਏ ਦੀਆਂ ਦੋ ਬੋਤਲਾਂ ਆਈਆਂ ਤੇ ਚਿਕਨ ਦੀ ਪੰਜ ਸੌ ਦੀ ਫੁਲ ਪਲੇਟ ਆਈ ਐ।” ਸਾਰਿਆ ਨੇ ‘ਹਾਂ’ ਵਿਚ ਸਿਰ ਹਲਾਇਆ।

“ਇਨ੍ਹਾਂ ਲੀਡਰਾਂ ਨੇ ਮਹਿੰਗਾਈ ਬੜੀ ਕਰਤੀ, ਐਤਕੀਂ ਚੋਣਾਂ 'ਚ ਵੋਟਾਂ ਸੋਚ ਸਮਝ ਕੇ ਪਾਉਣੀਆਂ। ਮਹਿੰਗਾਈ ਨੇ ਤਾਂ ਲੱਕ ਤੋੜ ਕੇ ਰੱਖ ਦਿਤਾ ਯਾਰ।”

ਸਾਰਿਆ ਨੇ ਫਿਰ ‘ਹਾਂ’ ਵਿਚ ਸਿਰ ਹਲਾਇਆ। ਆਖ਼ਰੀ ਮੋਟਾ ਜਿਹਾ ਪੈੱਗ ਡਕਾਰ ਕੇ ਸਾਰੇ ਜਣੇ ਰੈਸਟੋਰੈਂਟ ਦਾ ਬਿਲ ਅਦਾ ਕਰਨ ਲਈ ਅਪਣੀ-ਅਪਣੀ ਜੇਬ 'ਚ ਹੱਥ ਮਾਰਨ ਲੱਗ ਪਏ ਤੇ ਇਕ ਦੂਜੇ ਦਾ ਹੱਥ ਫੜ-ਫੜ ਕੇ ਬੋਲ ਰਹੇ ਸਨ ਕਿ, “ਮੈਂ ਦੇਣਾਂ ਪੈਸੇ ਯਾਰ, ਪੈਸੇ ਮੈਂ ਦੇਣਾਂ।”

- ਬੱਬੂ ਚੱਬੇਵਾਲਾ,
ਪਿੰਡ ਤੇ ਡਾਕ: ਚੱਬਾ, ਤਰਨਤਾਰਨ ਰੋਡ, ਅੰਮ੍ਰਿਤਸਰ
ਮੋਬਾਈਲ : 97817-51690

ਕਾਲੇ ਕਛਿਆਂ ਵਾਲੇ

ਮੀਨਾ ਗੱਲਾਂ ਕਰਦੇ-ਕਰਦੇ ਰਵੀਨਾ ਨੂੰ ਕਹਿੰਦੀ, “ਰਾਤੀਂ ਵੇਖਿਆ, ਕਿੰਨਾ ਰੌਲਾ ਪਿਆ ਸੀ, ਆ ਗਏ ਆ ਗਏ। ਨੀਂਦ ਵਿਚੇ ਹੀ ਟੁੱਟ ਗਈ ਡਰ ਨਾਲ। ਸੌ ਕਿਹੜਾ ਹੁੰਦੈ ਰਾਤ ਨੂੰ?”

ਰਵੀਨਾ, “ਹਾਂ... ਮੀਨਾ, ਤੁਹਾਡੇ ਘਰ ਕੋਈ ਜਵਾਨ ਬੱਚਾ ਨਹੀਂ ਏ ਨਾ। ਸਾਡੇ ਤਾਂ ਸਾਰੇ ਬੱਚੇ ਰਾਤ ਨੂੰ 2-3 ਵਜੇ ਤਕ ਫ਼ੋਨ ਚੈਟਿੰਗ ਜਾਂ ਫ਼ੇਸਬੁੱਕ 'ਤੇ ਹੀ ਲੱਗੇ ਰਹਿੰਦੇ ਨੇ। ਸੌਣ ਦਾ ਤਾਂ ਨਾਂ ਹੀ ਨਹੀਂ ਲੈਂਦੇ। ਜਦ ਨੂੰ ਇਨ੍ਹਾਂ ਦੇ ਸੌਣ ਦਾ ਵੇਲਾ ਹੁੰਦੈ, ਅਸੀ ਉਠ ਪਈਦੇ ਪਾਠ-ਪੂਜਾ ਕਰਨ ਲਈ। ਸਾਨੂੰ ਡਰ ਕਾਹਦਾ। ਰਾਤ ਇਹ ਜਾਗਦੇ ਰਹਿੰਦੇ ਨੇ ਉੱਲੂਆਂ ਵਾਂਗ, ਤੜਕੇ ਅਸੀ ਉਠ ਪਈਦੇ। ਫਿਰ ਕਾਹਦਾ ਡਰ ਕਾਲੇ ਕਛਿਆਂ ਵਾਲਿਆਂ ਤੋਂ?”

- ਡਾ. ਜੇ.ਐਸ. ਮੰਡਿਆਲ,
#46, ਸਰਸਵਤੀ ਵਿਹਾਰ, ਹੁਸ਼ਿਆਰਪੁਰ।
ਮੋਬਾਈਲ : 98729-17925

ਅਸਲੀ ਟਿਕਾਣਾ

ਸ਼ਹਿਰ ਦੇ ਇਕ ਕਲੱਬ ਨੇ ਮੇਨ ਚੌਕ ਵਿਚ ਲੰਗਰ ਲਾਉਣ ਬਾਰੇ ਸੋਚਿਆ। ਕਲੱਬ ਦੇ ਸਾਰੇ ਮੈਂਬਰਾਂ ਨੇ ਇਕ ਸ਼ਾਮ ਮੀਟਿੰਗ ਕਰ ਕੇ ਸ਼ਹਿਰ ਵਿਚੋਂ ਚੰਦਾ ਇਕੱਠਾ ਕਰਨ ਦਾ ਮਤਾ ਪਾਸ ਕੀਤਾ। ਚੰਦਾ ਇਕੱਠਾ ਕੀਤਾ ਗਿਆ ਅਤੇ ਮਿਥੀ ਤਰੀਕ ਨੂੰ ਚੌਕ ਵਿਚ ਲੰਗਰ ਲਾ ਦਿਤਾ ਗਿਆ। ਲੰਗਰ ਸ਼ੁਰੂ ਹੋਏ ਹਾਲੇ ਥੋੜਾ ਸਮਾਂ ਹੀ ਹੋਇਆ ਸੀ ਕਿ ਕਲੱਬ ਦੇ ਮੈਂਬਰਾਂ ਨੇ ਖੀਰ, ਪ੍ਰਸ਼ਾਦ, ਛੋਲੇ, ਪੂੜੀਆਂ ਦੇ ਡੋਲੂ ਭਰ ਕੇ ਅਪਣੇ-ਅਪਣੇ ਘਰ ਭੇਜਣੇ ਸ਼ੁਰੂ ਕਰ ਦਿਤੇ। ਲੰਗਰ ਦੇ ਬਾਹਰ ਇਕ ਗਰੀਬ ਅਤੇ ਭਿਖਾਰਨ ਜਹੀ ਵਿਖਾਈ ਦਿੰਦੀ ਔਰਤ ਅਪਣੇ ਭੁੱਖੇ ਅਤੇ ਨੰਗੇ 3-4 ਸਾਲ ਦੇ ਬੱਚੇ ਨਾਲ ਲੰਗਰ ਛਕਣ ਲਈ ਤਰਲੋ ਮੱਛੀ ਹੁੰਦੀ ਵਿਖਾਈ ਦੇ ਰਹੀ ਸੀ ਅਤੇ ਕਲੱਬ ਦੇ ਮੈਂਬਰਾਂ ਦੀ ਲੰਗਰ ਛਕਣ ਲਈ ਮਿੰਨਤ ਕਰ ਰਹੀ ਸੀ ਜਦਕਿ ਲੰਗਰ ਅਪਣੇ ‘ਅਸਲੀ ਟਿਕਾਣੇ’ 'ਤੇ ਪਹੁੰਚ ਚੁੱਕਾ ਸੀ।

- ਪਰਮੋਦ ਕੁਮਾਰ,
ਲੈਕਚਰਾਰ (ਇਤਿਹਾਸ), ਸ.ਸੀ. ਸੈਕੰ. ਸਕੂਲ, ਕੱਟੂ, ਬਰਨਾਲਾ।
ਮੋਬਾਈਲ : 94633-30604

ਪੁੱਤਰ ਮੋਹ

“ਸ਼ੈਬੀ ਤੇਰੀ ਭੈਣ ਦਾ ਕੀ ਹਾਲ ਐ?”

“ਠੀਕ ਠਾਕ ਐ, ਤਾਇਆ ਜੀ।

ਮੁਢਲੀ ਸਹਾਇਤਾ

ਬੱਸ ਵਿਚ ਬੈਠੀਆਂ ਸਾਰੀਆਂ ਸਵਾਰੀਆਂ ਆਪੋ ਅਪਣੀਆਂ ਗੱਲਾਂ ਵਿਚ ਮਸਤ ਸਨ। ਕੋਈ ਅਖ਼ਬਾਰ ਫਰੋਲੀ ਜਾ ਰਿਹਾ ਸੀ ਤੇ ਕੋਈ ਮੋਬਾਈਲ ਫ਼ੋਨ 'ਤੇ ਗੱਲਾਂ ਕਰ ਰਿਹਾ ਸੀ। ਬੱਸ ਕੰਡਕਟਰ ਹੋਕਾ ਦੇ ਰਿਹਾ ਸੀ, ਕੋਈ ਟਿਕਟ ਤੋਂ ਬਗ਼ੈਰ ਨਾ ਹੋਵੇ। ਟਿਕਟ... ਟਿਕਟ... ਟਿਕਟ। ਬੱਸ ਅਜੇ ਕੈਂਚੀਆਂ ਹੀ ਟੱਪੀ ਸੀ ਕਿ ਅਚਾਨਕ ਬੱਸ ਵਿਚ ਬੈਠੀ ਇਕ ਬਜ਼ੁਰਗ ਔਰਤ ਗੇੜਾ ਖਾ ਕੇ ਸੀਟ ਤੋਂ ਡਿੱਗ ਪਈ। ਉਸ ਦੇ ਸਿਰ ਅਤੇ ਮੂੰਹ 'ਤੇ ਸੱਟਾਂ ਲਗੀਆਂ। ਦੋ ਹੋਰ ਸੀਟਾਂ ਉਤੇ ਬੈਠੀਆਂ ਸਵਾਰੀਆਂ ਨੇ ਉਸ ਨੂੰ ਸਹਾਰਾ ਦੇ ਕੇ ਸੀਟ 'ਤੇ ਬਿਠਾ ਦਿਤਾ। ਇਕ ਜਣੀ ਉਸ ਦਾ ਸਿਰ ਫੜ ਕੇ ਬੈਠ ਗਈ। ਵਿਚੋਂ ਆਵਾਜ਼ ਆਈ, “ਪਾਣੀ ਦੇ ਦਿਉ... ਪਾਣੀ...? ਵੇਖੋ।”

ਇਕ ਪੜ੍ਹੇ ਲਿਖੇ ਨੌਜੁਆਨ ਨੇ ਕਿਹਾ, “ਇਥੇ ਫ਼ਸਟ ਏਡ ਦਾ ਡੱਬਾ ਲੱਗਾ ਹੋਵੇਗਾ, ਮੱਲ੍ਹਮ ਪੱਟੀ ਕਰ ਲੈਂਦੇ...।”

ਬੱਸ ਵਿਚ ਪਏ ਪਾਣੀ ਵਾਲੇ ਕੈਂਪਰ ਵਲ ਦੋ ਤਿੰਨ ਸਵਾਰੀਆਂ ਕਾਹਲੀ ਨਾਲ ਗਈਆਂ। ਜਦੋਂ ਕੈਂਪਰ ਦੀ ਟੂਟੀ ਚਾਲੂ ਕੀਤੀ ਤਾਂ ਉਸ ਵਿਚ ਇਕ ਵੀ ਬੂੰਦ ਪਾਣੀ ਨਹੀਂ ਸੀ। ਹੁਣ ਉਸ ਬੁੱਢੀ ਔਰਤ ਦੀ ਹਾਲਤ ਹੋਰ ਵੀ ਵਿਗੜ ਗਈ ਸੀ। ਉਸ ਦੇ ਸਿਰ ਵਿਚੋਂ ਖ਼ੂਨ ਵਹਿ ਰਿਹਾ ਸੀ ਤੇ ਰੁਕ ਨਹੀਂ ਸੀ ਰਿਹਾ। ਕਈ ਸਵਾਰੀਆਂ ਨੇ ਇਕ-ਦੂਜੇ ਤੋਂ ਨੰਬਰ ਲੈ ਕੇ ਉਸ ਦੇ ਘਰ ਵਾਲਿਆਂ ਨੂੰ ਫ਼ੋਨ ਕਰਨੇ ਸ਼ੁਰੂ ਕਰ ਦਿਤੇ। ਬੱਸ ਵੀ ਇਕ ਦੋ ਮਿੰਟ ਰੁਕੀ ਰਹੀ। ਇਕ ਅਧਖੜ ਜਹੀ ਔਰਤ ਨੇ ਕੰਡਕਟਰ ਵਲ ਵੇਖ ਕੇ ਕਿਹਾ, “ਏ ਭਾਈ, ਕਰਾਇਆ ਤਾਂ ਰੋਜ਼ ਹੀ ਵਧਾਈ ਜਾਨੇਂ ਓ, ਕੋਈ ਸਵਾਰੀਆਂ ਨੂੰ ਸਹੂਲਤ ਵੀ ਦੇ ਦਿਆ ਕਰੋ।”

ਉਹ ਜ਼ਖ਼ਮੀ ਔਰਤ ਬੱਸ ਵਿਚ ਹੀ ਦਮ ਤੋੜ ਗਈ। ਬੱਸ ਵਿਚ ਲਗਿਆ ਹੋਇਆ ਖ਼ਾਲੀ ਫ਼ਸਟ ਏਡ ਡੱਬਾ, ਸਵਾਰੀਆਂ ਦਾ ਮੂੰਹ ਚਿੜਾ ਰਿਹਾ ਸੀ। ਸਵਾਰੀਆਂ ਇਕ-ਦੂਜੇ ਦੇ ਮੂੰਹ ਵਲ ਵੇਖ ਰਹੀਆਂ ਸਨ। ਸ਼ੋਰ ਹੁਣ ਬਿਲਕੁਲ ਬੰਦ ਹੋ ਗਿਆ ਸੀ।

- ਅੰਗਰੇਜ਼ ਸਿੰਘ ਕਲੇਰ,
ਪਿੰਡ: ਮੂਲਾ ਸਿੰਘ ਵਾਲਾ, ਮਾਨਸਾ।
ਮੋਬਾਈਲ : 98724-06892

ਤਰਸ ਜਾਂ ਚਲਾਨ

ਰਾਜੂ ਕੁਲਫ਼ੀਆਂ ਵੇਚਣ ਦਾ ਕੰਮ ਕਰਦਾ ਸੀ। ਉਹ ਇਸ ਕੰਮ ਨਾਲ ਹੀ ਅਪਣਾ ਤੇ ਅਪਣੇ ਪ੍ਰਵਾਰ ਦਾ ਪਾਲਣ ਪੋਸਣ ਕਰਦਾ ਸੀ। ਇਕ ਦਿਨ ਮੈਂ ਬੱਚਿਆਂ ਸਮੇਤ ਸ਼ਾਮ ਦੇ ਵਕਤ ਬਾਜ਼ਾਰ ਗਈ। ਜਦੋਂ ਰਾਜੂ ਦੀ ਰੇਹੜੀ ਕੋਲੋਂ ਲੰਘਣ ਲਗੀ ਤਾਂ ਬੱਚਿਆਂ ਨੇ ਕੁਲਫ਼ੀ ਦੀ ਮੰਗ ਕੀਤੀ। ਮੈਂ ਬੱਚਿਆਂ ਨੂੰ ਕੁਲਫ਼ੀ ਲੈ ਕੇ ਦੇ ਦਿਤੀ। ਜਦੋਂ ਮੈਂ ਰਾਜੂ ਨੂੰ ਕੁਲਫ਼ੀ ਦੇ ਪੈਸੇ ਦੇ ਰਹੀ ਸੀ, ਉਸੇ ਵੇਲੇ ਦੋ ਪੁਲਿਸ ਵਾਲੇ ਆ ਗਏ ਤੇ ਰਾਜੂ ਉਨ੍ਹਾਂ ਅੱਗੇ ਗਿੜਗਿੜਾਉਣ ਲੱਗਾ, “ਸਾਹਿਬ! ਅੱਜ ਤੋਂ ਬਾਅਦ ਮੈਂ ਕੁਲਫ਼ੀਆਂ ਨਹੀਂ ਵੇਚਾਂਗਾ। ਗਰਮੀ ਦਾ ਮੌਸਮ ਹੋਣ ਕਰ ਕੇ ਮੈਂ ਸ਼ਾਮ ਨੂੰ ਰੇਹੜੀ ਲਾਉਂਦਾ ਹਾਂ।”

ਪੁਲਿਸ : ਤੋਰ ਰੇਹੜੀ ਪੁਲਿਸ ਚੌਕੀ ਨੂੰ, ਉਥੇ ਜਾ ਕੇ ਕਟਦੇ ਹਾਂ ਤੇਰਾ ਚਲਾਨ।
ਰਾਜੂ, “ਤਰਸ ਕਰੋ ਸਾਹਬ! ਮੈਨੂੰ ਛੱਡ ਦਿਉ।”
“ਦੱਸ ਕਿੰਨੇ ਰੁਪਏ ਦੀਆਂ ਕੁਲਫ਼ੀਆਂ ਵੇਚ ਚੁੱਕੈਂ?”
“ਸਾਹਬ, ਦੋ ਕੁ ਸੌ ਦੀਆਂ।”
ਪੁਲਿਸ, “ਇਕ ਡੱਬਾ ਕੁਲਫ਼ੀ ਦੀ ਕੀ ਕੀਮਤ ਹੈ?”
ਰਾਜੂ, “ਦੋ ਸੌ ਰੁਪਏ ਦਾ।”
“ਚੱਲ ਇਕ ਡੱਬਾ ਕੁਲਫ਼ੀ ਦਾ ਦੇ ਦੇ। ਤੇਰੇ 'ਤੇ ਤਰਸ ਕਰ ਲੈਂਦੇ ਹਾਂ।”
ਰਾਜੂ ਸੋਚ ਰਿਹਾ ਸੀ, ‘ਇਹ ਤਰਸ ਹੈ ਜਾਂ ਚਲਾਨ?’

- ਮਨਜੀਤ ਕੌਰ ਸੰਘੇੜਲ
ਤਹਿ: ਖਮਾਣੋਂ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ।
ਮੋਬਾਈਲ : 97810-20001

ਪੀਲਾ ਰੰਗ

ਪ੍ਰੀਤੀ ਅਤੇ ਉਸ ਦੀਆਂ ਸਹੇਲੀਆਂ ਬਾਹਰ ਗਲੀ ਵਿਚ ਖੇਡ ਰਹੀਆਂ ਸਨ। ਪ੍ਰੀਤੀ ਨੂੰ ਪਿਆਸ ਲੱਗੀ ਅਤੇ ਉਹ ਅਪਣੇ ਨਾਲ ਦੇ